ਨੰ:10/80/2016-3ਐਫ.ਪੀ.2/1383693/1

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ,ਚੰਡੀਗੜ੍ਹ: 01-01-2019

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਮੰਡਲਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾਂ ਅਤੇ ਸੈਸ਼ਨਜ਼ ਜੱਜ,
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿਚ।

ਵਿਸ਼ਾ: ਪੰਜਾਬ ਸਰਕਾਰ ਦੇ ਸਰੀਰਕ ਤੌਰ ਤੇ ਅਪੰਗ ਕਰਮਚਾਰੀਆਂ ਨੂੰ ਵੱਧ ਵਰ੍ਹਾਂ ਸੇਵਾ ਨਵਿਰਤੀ ਉਪਰੰਤ ਸੇਵਾਕਾਲ ਵਿੱਚ ਦੋ ਸਾਲ (ਸਾਲ ਦਰ ਸਾਲ) ਦਾ ਆਪਸਨਲ ਵਾਧਾ ਦੇਣ ਸਬੰਧੀ ਸਪਸ਼ਟੀਕਰਨ।

*****

ਸ੍ਰੀਮਾਨ/ਸ੍ਰੀਮਤੀ ਜੀ ,

ਮੈਨੂੰ ਉਪਰੋਕਤ ਵਿਸ਼ੇ ਸਬੰਧੀ ਆਪ ਦਾ ਧਿਆਨ ਵਿੱਤ ਵਿਭਾਗ ਵਲੋਂ ਜਾਰੀ ਹਦਾਇਤਾਂ ਨੰ:10/80/16-3ਵਿ.ਪ੍ਰ.2/210 ਮਿਤੀ 22.5.2017 ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਨ੍ਹਾਂ ਹਦਾਇਤਾਂ ਰਾਹੀਂ 3% ਸਰੀਰਕ ਅਪੰਗਤਾ ਕੋਟੇ ਦੀ ਰਿਜਰਵ ਅਸਾਮੀ ਦੇ ਵਿਰੁੱਧ ਨਿਯੁਕਤ ਹੋਏ ਕਰਮਚਾਰੀਆਂ ਨੂੰ ਵੀ ਵੱਧ ਵਰ੍ਹਾ ਸੇਵਾ ਨਵਿਰਤੀ ਉਪਰੰਤ ਸੇਵਾਕਾਲ ਵਿੱਚ ਆਪਸਨਲ ਵਾਧਾ ਦਿੱਤਾ ਗਿਆ ਸੀ।

2. ਸਰਕਾਰ ਵਲੋਂ ਇਸ ਮਾਮਲੇ ਤੇ ਮੁੜ ਵਿਚਾਰ ਕਰਦੇ ਹੋਏ ਉਪਰੋਕਤ ਮਿਤੀ 22.05.2017 ਦੀਆਂ ਹਦਾਇਤਾਂ ਰਾਹੀਂ ਮਿਲਣ ਵਾਲਾ ਇਹ ਵਾਧਾ ਸਰੀਰਕ ਅਪੰਗਤਾ ਕੋਟੇ ਦੀ ਰਿਜਰਵ ਅਸਾਮੀ ਦੇ ਵਿਰੁੱਧ ਨਿਯੁਕਤ ਹੋਏ ਕਰਮਚਾਰੀਆਂ ਨੂੰ ਹੀ ਨਹੀਂ ਬਲਕਿ ਹਰੇਕ ਕਰਮਚਾਰੀ ਜੋ ਸਰੀਰਕ ਤੌਰ ਤੇ ਅਪੰਗ ਹੈ, ਭਾਵੇ ਇਹ ਅਪੰਗਤਾ ਸੇਵਾ ਵਿੱਚ ਆਉਣ ਤੋਂ ਪਹਿਲਾਂ ਜਾ ਬਾਅਦ ਵਿੱਚ ਹੋਈ ਹੋਵੇ, ਨੂੰ ਮਿਲਣਯੋਗ ਹੋਵੇਗਾ ਬਸ਼ਰਤੇ ਕਿ ਅਜਿਹਾ ਕਰਮਚਾਰੀ ਰਾਖਵੀਂ ਆਸਾਮੀ ਤੇ ਆਏ ਕਰਮਚਾਰੀਆਂ ਵਾਂਗ ਦੀ ਰਾਈਟ ਆੱਫ ਪਰਸਨਜ ਵਿੱਦ ਡਿਸਅਬਿਲਟੀਜ ਐਕਟ, 2016 ਦੇ ਮਾਪ ਦੰਡ ਪੂਰਾ ਕਰਦਾ ਹੋਵੇ ਅਤੇ ਸਬੰਧਤ ਕੰਪੀਟੈਂਟ ਮੈਡੀਕਲ ਅਥਾਰਟੀ ਪਾਸੋਂ ਡਿਸਅਬਿਲਟੀ ਸਬੰਧੀ ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ।

3. ਇਹ ਹਦਾਇਤਾਂ ਮਿਤੀ 22.5.2017 ਤੋਂ ਲਾਗੂ ਹੋਣਗੀਆਂ।

4. ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

ਵਿਸਵਾਸਪਾਤਰ

ਸੰਗੀਤਾ

(ਸੰਗੀਤਾ)

ਅਧੀਨ ਸਕੱਤਰ ਵਿੱਤ

Scanned by CamScanner